# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ (ਦਸਵੀਂ) ਅਨੂਪੂਰਕ ਪਰੀਖਿਆ 2023 ਰੀਅਪੀਅਰ/ਵਾਧੂ ਵਿਸ਼ਾ। (ਸਮੇਤ ਓਪਨ ਸਕੂਲ)

ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਚਾਨਣ ਹੋਏ

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

(ਪੰਜਾਬ)

# ਪੰਜਾਬ ਸਕੂਲ ਸਿੱਖਿਆ ਬੋਰਡ

**ਮੈਟ੍ਰਿਕੁਲੇਸ਼ਨ ਅਨੁਪੂਰਕ ਪ੍ਰੀਖਿਆ 2023 ਰੀਅਪੀਅਰ/ਵਾਧੂ ਵਿਸ਼ਾ ਸਮੇਤ ਓਪਨ ਸਕੂਲ ਵਾਲੇ ਉਮੀਦਵਾਰਾਂ ਲਈ ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾਵਾਂ/ਹਦਾਇਤਾਂ-**

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

1.3 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.5 ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਬੈਂਕ ਚਲਾਨ ਦੀ ਕਾਪੀ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.6 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਹੀ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ। ਬੈਂਕ ਵੱਲੋਂ ਫੀਸ ਵੈਰੀਫਾਈ ਹੋਣ ਉਪਰੰਤ ਹੀ ਪ੍ਰੀਖਿਆਰਥੀ ਦਾ ਰੋਲ ਨੰਬਰ ਜਾਰੀ ਕੀਤਾ ਜਾਵੇਗਾ।

1.7 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.8 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.9 ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਰੀਅਪੀਅਰ ਓਪਨ ਸਕੂਲ ਦੇ ਉਮੀਦਵਾਰ ਹੀ ਰੀਅਪੀਅਰ ਦੀ ਪਰੀਖਿਆ ਦੇਣ ਦੇ ਯੋਗ ਹੋਣਗੇ।

1.10 ਉਮੀਦਵਾਰ ਆਪਣੇ ਪਰੀਖਿਆ ਫਾਰਮ ਅਤੇ ਫੀਸ ਦੀ ਰਸੀਦ ਇਕੱਠੇ ਜਮ੍ਹਾਂ ਕਰਵਾਉਣਗੇ।

2. **ਪਾਸ ਫਾਰਮੂਲਾ :-**

ਪਰੀਖਿਆਰਥੀ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ ਅਤੇ ਪਰੀਖਿਆਰਥੀ ਨੂੰ ਹਰੇਕ ਵਿਸ਼ੇ ਵਿੱਚ ਲਿਖਤੀ, ਪ੍ਰਯੋਗੀ ਅਤੇ ਸੀ.ਸੀ.ਈ. ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਉਪਰੰਤ ਪਰੀਖਿਆਰਥੀ ਨੂੰ ਵਿਸ਼ੇ ਵਿੱਚ ਪਾਸ ਘੋਸ਼ਿਤ ਕੀਤਾ ਜਾਵੇਗਾ।

3. **ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ:-**

3.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

3.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- (ੳ) ਨੰ.4.1 ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

3.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

3.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ/ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

3.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਉਸੇ ਅਧਿਐਨ ਕੇਂਦਰ ਦੇ ਮੁਖੀ ਕੋਲੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਵਾਰ ਪਰੀਖਿਆ ਦਿੱਤੀ ਸੀ।

4. **ਪਰੀਖਿਆ ਦਾ ਸ਼ਡਿਊਲ :**

4.1 ਰੀਅਪੀਅਰ ਦੀ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ ।

4.2 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾਂ ਸਕਦੀ ਹੈ।

5. **ਦਫਤਰ ਵਿੱਚ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :-**

| **ਪ੍ਰੀਖਿਆ ਫੀਸ:- ਮੈਟ੍ਰਿਕ ਰੀਅਪੀਅਰ / ਵਾਧੂ ਵਿਸ਼ਾ 1150 /- ਰੁਪਏ (ਉੱਕਾ-ਪੁੱਕਾ)** | **ਬਿਨ੍ਹਾਂ ਲੇਟ ਫੀਸ** | **1000/- ਰੁਪਏ ਲੇਟ ਫੀਸ ਨਾਲ** | **2000/- ਰੁਪਏ ਲੇਟ ਫੀਸ ਨਾਲ** |
|---|---|---|---|
| **ਪ੍ਰੀਖਿਆ ਫਾਰਮ ਭਰਨ ਅਤੇ ਆਨ ਲਾਈਨ ਫੀਸ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ** | 11-07-2023 | 17-07-2023 | 24-07-2023 |
| **ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ** | 14-07-2023 (ਖੇਤਰੀ ਦਫਤਰ) | 21-07-2023 (ਖੇਤਰੀ ਦਫਤਰ) | 28-07-2023 (ਖੇਤਰੀ ਦਫਤਰ) |

**ਪ੍ਰੀਖਿਆ ਫੀਸ ਕੇਵਲ ਆਨਲਾਈਨ ਗੇਟ ਵੇਅ, ਕ੍ਰੈਡਿਟ ਕਾਰਡ, ਡੇਬਿਟ ਅਤੇ ਨੈੱਟ ਬੈਕਿੰਗ ਰਾਹੀਂ ਜਮ੍ਹਾ ਹੋਵੇਗੀ ਪ੍ਰੀਖਿਆ ਫੀਸ ਜਮ੍ਹਾਂ ਹੋਣ ਉਪਰੰਤ ਹੀ ਪ੍ਰੀਖਿਆ ਫਾਰਮ ਆਨਲਾਈਨ ਪ੍ਰਿੰਟ ਕੀਤੇ ਜਾ ਸਕਣਗੇ।**

6. ਆਨਲਾਈਨ ਪ੍ਰੀਖਿਆ ਫਾਰਮ ਹੇਠ ਲਿਖੇ ਅਨੁਸਾਰ ਭਰਿਆ ਜਾਵੇ :-

**6.1** ਬੋਰਡ ਦੀ ਵੈੱਬ ਸਾਈਟ www.pseb.ac.in ਨੂੰ ਖੋਲਿਆ ਜਾਵੇ ਅਤੇ ਇਸ ਉੱਪਰ ਦਿੱਤੇ ਹੋਏ Online Forms ਸੈਕਸ਼ਨ ਤੇ ਕਲਿੱਕ ਕੀਤਾ ਜਾਵੇ।

**6.2** Online Forms ਸੈਕਸ਼ਨ ਅਧੀਨ ਆਪਣੀ ਸ਼੍ਰੇਣੀ ਅਤੇ ਕੈਟਾਗਰੀ ਨਾਲ ਸਬੰਧਤ ਲਿੰਕ ਤੇ ਕਲਿੱਕ ਕੀਤਾ ਜਾਵੇ।

**6.3** ਕਲਿੱਕ ਕਰਨ ਉਪਰੰਤ ਫਾਰਮ ਭਰਨ ਲਈ ਆਨਲਾਈਨ ਐਪਲੀਕੇਸ਼ਨ ਖੁੱਲੇਗੀ। ਇਸ ਪੇਜ ਉੱਪਰ ਇੱਕ ਪਾਸੇ ਪ੍ਰਾਸਪੈਕਟ, ਪ੍ਰੈੱਸ ਨੋਟ ਅਤੇ ਜਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ, ਇਹਨਾਂ ਨੂੰ ਫਾਰਮ ਭਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ ਅਤੇ ਦੂਸਰੇ ਪਾਸੇ ਹੇਠ ਲਿਖੇ 3 ਲਿੰਕ ਦਿੱਤੇ ਗਏ ਹਨ :-

**6.3.1 New User ? Click Here To Register**

ਜਿਸ ਵੀ ਪ੍ਰੀਖਿਆਰਥੀ ਨੇ ਫਾਰਮ ਭਰਨਾ ਹੈ, ਉਸ ਲਈ ਇੱਕ ਵਾਰੀ ਇਸ ਲਿੰਕ ਤੇ ਕਲਿੱਕ ਕਰਕੇ ਰਜਿਸਟਰ ਕਰਨਾ ਜਰੂਰੀ ਹੈ। ਰਜਿਸਟਰ ਕਰਨ ਲਈ ਸ਼੍ਰੇਣੀ, ਫਾਰਮ ਦੀ ਕੈਟਾਗਰੀ ਭਾਵ ਕੰਪਾਰਟਮੈਂਟ, ਰੀ-ਅਪੀਅਰ, ਵਾਧੂ ਵਿਸ਼ਾ ਆਦਿ, ਸੈਸ਼ਨ, ਰੋਲ ਨੰਬਰ, ਈ. ਮੇਲ ਅਤੇ ਕੈਪਚਾ ਭਰਕੇ ਸਬਮਿਟ ਕੀਤਾ ਜਾਵੇ। ਸਬਮਿਟ ਕਰਨ ਉਪਰੰਤ ਫਾਰਮ ਖੁੱਲ ਜਾਵੇਗਾ, ਫਾਰਮ ਵਿੱਚ ਦਿੱਤੇ ਸਾਰੇ ਕਾਲਮ ਧਿਆਨ ਨਾਲ ਭਰੇ ਜਾਣ। ਉਸ ਫਾਰਮ ਉੱਪਰ ਇੱਕ ਰੈਫਰੈਂਸ ਨੰ. ਜਾਰੀ ਕੀਤਾ ਜਾਵੇਗਾ, ਉਸਨੂੰ ਨੋਟ ਕਰਕੇ ਰੱਖਣਾ ਯਕੀਨੀ ਬਣਾਇਆ ਜਾਵੇ। ਇੱਕ ਵਾਰ ਰਜਿਸਟਰ ਕਰਨ ਤੋਂ ਬਾਅਦ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ।

**6.4 Login (Already Registered)**

ਜੋ ਪ੍ਰੀਖਿਆਰਥੀ ਰਜਿਸਟਰ ਕਰ ਚੁੱਕਾ ਹੈ ਅਤੇ ਉਸ ਕੋਲ ਰੈਫਰੈਂਸ ਨੰਬਰ ਹੈ ਤਾਂ ਇਸ ਲਿੰਕ ਦੇ ਸਾਹਮਣੇ ਦਿੱਤੇ ਕਾਲਮਾਂ ਵਿੱਚ ਰੈਫਰੈਂਸ ਨੰਬਰ ਅਤੇ ਰੋਲ ਨੰਬਰ ਪਾਕੇ ਲਾਗਇੰਨ ਬਟਨ ਤੇ ਕਲਿਕ ਕਰੇਗਾ। ਇਸ ਉਪਰੰਤ ਫਾਰਮ ਖੁੱਲ ਜਾਵੇਗਾ। ਫਾਰਮ ਵਿੱਚ ਦਿੱਤੇ ਕਾਲਮ ਭਰੇ ਜਾਣ। ਇਸ ਉਪਰੰਤ ਚਲਾਨ ਜਨਰੇਟ ਕੀਤਾ ਜਾਂ ਐਪਲੀਕੇਸ਼ਨ ਫਾਰਮ ਪ੍ਰਿੰਟ ਕੀਤਾ ਜਾ ਸਕਦਾ ਹੈ।

**6.5 Forgot Ref. No? Click Here**

ਇਹ ਲਿੰਕ ਉਹਨਾਂ ਪ੍ਰੀਖਿਆਰਥੀਆਂ ਲਈ ਹੈ, ਜਿੰਨਾਂ ਨੇ ਪਹਿਲੇ ਲਿੰਕ ਰਾਹੀਂ ਇੱਕ ਵਾਰੀ ਰਜਿਸਟਰ ਕਰ ਲਿਆ ਸੀ, ਪ੍ਰੰਤੂ ਉਹ ਆਪਣਾ ਰੈਫਰੈਂਸ ਨੰਬਰ ਭੁੱਲ ਗਏ ਹਨ। ਉਹ ਇਸ ਲਿੰਕ ਰਾਹੀਂ ਦਿੱਤੇ ਕਾਲਮਾਂ ਵਿੱਚ ਮੰਗੀ ਸੂਚਨਾਂ ਭਰ ਕੇ ਆਪਣਾ ਰੈਫਰੈਂਸ ਨੰਬਰ ਦੇਖ ਸਕਦੇ ਹਨ।

**6.6** ਫਾਰਮ ਵਿੱਚ ਦਿੱਤੇ ਸਾਰੇ ਕਾਲਮ ਭਰਕੇ ਫਾਰਮ ਸੇਵ ਕਰ ਦਿੱਤਾ ਜਾਵੇ। ਫਾਰਮ ਨੂੰ ਦੁਬਾਰਾ ਚੰਗੀ ਤਰ੍ਹਾਂ ਵਾਚਣ ਉਪਰੰਤ ਫਾਈਨਲ ਸਬਮਿਟ ਬਟਨ ਤੇ ਕਲਿੱਕ ਕੀਤਾ ਜਾਵੇ, ਇਸ ਉਪਰੰਤ ਭਰੇ ਗਏ ਵੇਰਵੇ ਲਾਕ ਹੋ ਜਾਣਗੇ ਜਿਸ ਵਿੱਚ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ । ਇਸ ਉਪਰੰਤ ਫੀਸ ਦਿੱਤੀ ਗਈ ਆਪਸ਼ਨ ਅਨੁਸਾਰ ਆਨ ਲਾਈਨ ਭਰੀ ਜਾਵੇਗੀ।

6.7 ਪ੍ਰੀਖਿਆ ਫਾਰਮ ਪ੍ਰਿੰਟ ਕਰਵਾ ਕੇ ਸਕੂਲ ਤੋਂ ਤਸਦੀਕ ਕਰਵਾ ਕੇ ਸਮੇਤ ਰਸੀਦ ਦੀ ਕਾਪੀ ਲਗਾਉਣ ਉਪਰੰਤ ਸ਼ਡਿਊਲ ਮੁਤਾਬਕ ਜਿਲ੍ਹਾ ਖੇਤਰੀ ਦਫਤਰ ਜਾਂ ਮੁੱਖ ਦਫਤਰ, ਐੱਸ.ਏ.ਐੱਸ. ਨਗਰ ਵਿਖੇ ਜਮ੍ਹਾਂ ਕਰਵਾਇਆ ਜਾਵੇ।

6.9 ਪ੍ਰੀਖਿਆਰਥੀਆਂ ਦੇ ਰੋਲ ਨੰਬਰ ਬੋਰਡ ਦੀ ਵੈੱਬ ਸਾਈਟ ਤੋਂ ਸਿੱਧੇ ਤੌਰ ਤੇ ਰੋਲ ਨੰਬਰ ਸੈਕਸ਼ਨ ਅਧੀਨ ਦਿੱਤੇ ਲਿੰਕ ਤੇ ਜਾ ਕੇ ਡਾਊਨਲੋਡ ਕੀਤੇ ਜਾਣ ।

7. ਉਮੀਦਵਾਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਬਣੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।